# ਸੰਪ੍ਰਦਾਇ ਭਿੰਡਰਾਂ ਵੱਲੋਂ ਜਰੂਰੀ ਸੂਚਨਾ

ਭਿੰਡਰ ਸੰਪ੍ਰਦਾਇ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰ ਕਲਾਂ (ਮੋਗਾ) ਵੱਲੋਂ ਦੇਸ਼ ਵਿਦੇਸ਼ ਦੀਆਂ ਸਭ ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰ.ਗੁਰਦੇਵ ਸਿੰਘ ,ਸਾਬਕਾ ਐਕਸੀਅਨ, ਭਵਨ ਨਿਰਮਾਣ ਅਤੇ ਸੜਕ ਵਿਭਾਗ ਹਨੂੰਮਾਨਗੜ (ਰਾਜਸਥਾਨ) ਵੱਲੋਂ ਭਿੰਡਰ ਸੰਪ੍ਰਦਾਇ ਦਾ ਨਾਮ ਵਰਤਦੇ ਹੋਏ ਨਿਤਨੇਮ ਦੇ ਗੁਟਕੇ ਇੰਨ੍ਹ-ਬਿੰਨ੍ਹ ਛਪਵਾ ਕੇ ਵੰਡੇ ਜਾ ਰਹੇ ਹਨ,ਜਿੰਨ੍ਹਾਂ ਵਿੱਚ ਸੰਪ੍ਰਦਾਇ ਮਰਯਾਦਾ ਤੋਂ ਉਲਟ ਗਲਤੀਆਂ ਵੇਖਣ ਵਿੱਚ ਆਈਆਂ ਹਨ,ਜੋ ਕਿ ਪੜਨ ਸੁਣਨ ਵਾਲੇ ਸੰਪ੍ਰਦਾਇ ਤੇ ਕਿੰਤੂ ਪ੍ਰੰਤੂ ਕਰਦੇ ਹਨ ਅਤੇ ਇਸ ਤਰਾਂ ਗੁਰੂ ਮਹਾਰਾਜ ਦੀ ਚਲਾਈ ਹੋਈ ਏਡੀ ਪ੍ਰਸਿੱਧ ਸੰਪ੍ਰਦਾਇ ਦੀ ਬਦਨਾਮੀ ਹੋ ਰਹੀ ਹੈ।

ਇੰਨ੍ਹਾਂ ਨਾਲ ਗੱਲਬਾਤ ਹੋਣ ਤੋ ਪੁਛਿੱਆ ਗਿਆ ਕਿ ਤੁਸੀਂ ਭਿੰਡਰ ਸੰਪ੍ਰਦਾਇ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰ ਕਲਾਂ (ਮੋਗਾ)ਦੇ ਪ੍ਰਬੰਧਕਾਂ ਦੀ ਆਗਿਆ ਤੋਂ ਬਿਨਾਂ ਇਹ ਗੁਟਕੇ ਕਿਉਂ ਛਪਵਾਏ ਹਨ? ਇਨਾਂਅਪਣੀ ਗਲਤੀ ਮੰਨਦੇ ਹੋਏ ਮਾਫੀ ਮੰਗੀ ਹੈ।

ਸੰਪ੍ਰਦਾਇ ਵੱਲੋਂ ਇਹੋ ਜਿਹੇ ਸਾਰੇ ਲੋਕਾਂ ਨੂੰ ਤਾੜਨਾ ਕੀਤੀ ਜਾਂਦੀ ਹੈ ਕਿ ਅੱਗੇ ਨੂੰ ਐਸੀ ਬੱਜਰ ਗਲਤੀ ਕੋਈ ਨਾ ਕਰੇ, ਨਹੀਂ ਤਾਂ ਉਸ ਨਾਲ ਸਖਤ ਕਾਰਵਾਈ ਕੀਤੀ ਜਾਵੇਗੀ । ਜਦ ਕਿ ਭਿੰਡਰ ਸੰਪ੍ਰਦਾਇ ਵੱਲੋਂ ਨਿਤਨੇਮ ਦੇ ਗੁਟਕੇ ਛਪ ਰਹੇ ਹਨ ਅਤੇ ਹੋਰ ਕਿਸੇ ਨੂੰ ਛਾਪਣ ਦਾ ਅਧਿਕਾਰ ਨਹੀ ਹੈ । ਇਹ ਗੁਟਕੇ ਜਿੰਨ੍ਹਾਂ ਨੂੰ ਮੇਰੇ ਵੱਲੋਂ ਵੰਡਣ ਦਾ ਅਧਿਕਾਰ ਦਿੱਤਾ ਗਿਆ ਹੈ ਜਾ ਦਿਆਂਗਾ ਉਹ ਹੀ ਵੰਡ ਸਕਦੇ ਹਨ।

ਭਿੰਡਰ ਸੰਪ੍ਰਦਾਇ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰ ਕਲਾਂ (ਮੋਗਾ) ਦੇ ਬਾਨੀ ਸੰਤ ਬਾਬਾ ਸੁੰਦਰ ਸਿੰਘ ਜੀ ਅਤੇ ਉਨ੍ਹਾਂ ਤੋਂ ਪੜ੍ਹੇ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਸਾਰੇ ਸਤਿਗੁਰੂ ਸਾਹਿਬਾਨ ਜੀ ਦੇ ਗੁਰਮਤਿ ਆਦਰਸ਼ ਨੂੰ ਮੁੱਖ ਰੱਖਦੇ ਹੋਏ ਗੁਰਦੁਆਰਾ ਭਿੰਡਰ ਅਸਥਾਨ ਜਾਂ ਸੰਪ੍ਰਦਾਇ ਚਲਾਉਣ ਵਾਸਤੇ ਕਦੇ ਵੀ ਸੰਗਤਾਂ ਤੋਂ ਉਗਰਾਹੀਆਂ ਨਹੀ ਸਨ ਕਰਦੇ; ਨਾਂ ਹੀ ਕਿਸੇ ਪੰਜ ਕਕਾਰਾਂ ਦੀ ਰਹਿਤ ਜਿਵੇਂ ਗਾਤਰੇ ਕਿਰਪਾਨ ਲਾਹ ਕੇ ਅੱਜ ਕਲ ਪ੍ਰਦੇਸ਼ਾਂ ਨੂੰ ਜਾਂਦੇ ਹਨ, ਦੀ ਇਜਾਜ਼ਤ ਦਿੰਦੇ ਸਨ।

ਮੇਰੇ ਵੱਲੋਂ ਵੀ ਇਹ ਸੂਚਨਾ ਦਿੱਤੀ ਜਾਂਦੀ ਹੈ ਕਿ ਸਾਨੂੰ ਵੀ ਪੂਰਬੋਕਤ ਪੂਰਨਿਆਂ ਤੇ ਚਲਣਾ ਜਰੂਰੀ ਹੈ।

ਦਾਸ

ਮੋਹਣ ਸਿੰਘ

ਪ੍ਰਬੰਧਕ, ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰ ਕਲਾਂ (ਮੋਗਾ)